27-Nov_Punjab-3-10-9-Jacket-2-1-Star.qxd 11/27/2025 11:42 PM Page 3

ਅਡਿਆਲਾ ਜੇਲ੍ਹ ਵਿਚਲੀ ਇਮਰਾਨ ਖ਼ਾਨ ਦੀ ਕੋਠੜੀ। ਤਸਵੀਰ ਰਾਹੀਂ: ਸੁਰਿੰਦਰ ਕੋਛੜ

ਪਾਕਿ ਨੇ ਇਮਰਾਨ ਖ਼ਾਨ ਦੀ ਹੱਤਿਆ ਬਾਰੇ ਫੈਲ ਰਹੀਆਂ ਅਫ਼ਵਾਹਾਂ 'ਤੇ ਤੋੜੀ ਚੁੱਪੀ

ਅੰਮ੍ਰਿਤਸਰ, 27 ਨਵੰਬਰ (ਸੁਰਿੰਦਰ ਕੋਛੜ)-ਰਾਵਲਪਿੰਡੀ ਦੀ ਅਡਿਆਲਾ ਜੇਲ੍ਹ ਪ੍ਰਸ਼ਾਸਨ ਨੇ ਪਾਕਿਸਤਾਨ 'ਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਹੱਤਿਆ ਕਰਾਏ ਜਾਣ ਬਾਰੇ ਫੈਲ ਰਹੀਆਂ ਅਫ਼ਵਾਹਾਂ 'ਤੇ ਆਪਣੀ ਚੁੱਪੀ ਤੋੜਦਿਆਂ ਇਕ ਪ੍ਰੈੱਸ ਬਿਆਨ 'ਚ ਕਿਹਾ ਕਿ ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਪੂਰੀ ਤਰ੍ਹਾਂ ਤੰਦਰੁਸਤ ਹਨ। ਜੇਲ੍ਹ ਪ੍ਰਸ਼ਾਸਨ ਨੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ. ਟੀ. ਆਈ.) ਵਲੋਂ ਲਗਾਏ ਗਏ ਦੋਸ਼ਾਂ ਨੂੰ ਸਪਸ਼ਟ ਤੌਰ 'ਤੇ ਰੱਦ ਕਰ ਦਿੱਤਾ ਹੈ, ਜਿਨ੍ਹਾਂ 'ਚ ਕਿਹਾ ਗਿਆ ਸੀ ਕਿ ਇਮਰਾਨ ਖ਼ਾਨ ਨੂੰ ਖ਼ਰਾਬ ਸਿਹਤ ਕਾਰਨ ਤਬਦੀਲ ਕੀਤਾ ਗਿਆ ਹੈ ਅਤੇ ਖ਼ੁਫ਼ੀਆ ਏਜੰਸੀ ਆਈ. ਐੱਸ. ਆਈ. ਦੇ ਲੋਕਾਂ ਵਲੋਂ ਜੇਲ੍ਹ 'ਚ ਉਨ੍ਹਾਂ ਦੀ ਹੱਤਿਆ ਕੀਤੀ ਗਈ ਹੈ। ਜੇਲ੍ਹ ਅਧਿਕਾਰੀਆਂ ਨੇ ਅੱਗੇ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਸਿਹਤ ਬਾਰੇ ਅਟਕਲਾਂ ਬੇਬੁਨਿਆਦ ਹਨ। ਦੂਜੇ ਪਾਸੇ, ਪਾਕਿ ਦੇ ਰੱਖਿਆ ਮੰਤਰੀ ਖ਼ਵਾਜਾ ਮੁਹੰਮਦ ਆਸਿਫ਼ ਨੇ ਕਿਹਾ ਹੈ ਕਿ ਇਮਰਾਨ ਖ਼ਾਨ ਜੇਲ੍ਹ ਦੇ ਅੰਦਰ ਪੰਜ-ਤਾਰਾ ਸਹੂਲਤਾਂ ਦਾ ਆਨੰਦ ਮਾਣਦੇ ਹਨ। ਉਨ੍ਹਾਂ ਨੂੰ 5-ਸਟਾਰ ਹੋਟਲ ਵਰਗਾ ਖਾਣਾ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਪੂਰਾ ਆਰਾਮ ਮਿਲ ਰਿਹਾ ਹੈ। ਆਸਿਫ਼ ਨੇ ਦਾਅਵਾ ਕੀਤਾ ਕਿ ਇਮਰਾਨ ਖ਼ਾਨ ਕੋਲ ਇਕ ਟੈਲੀਵਿਜ਼ਨ ਹੈ ਅਤੇ ਉਹ ਆਪਣੀ ਪਸੰਦ ਦਾ ਕੋਈ ਵੀ ਚੈਨਲ ਵੇਖ ਸਕਦੇ ਹਨ। ਉਨ੍ਹਾਂ ਕੋਲ ਕਸਰਤ ਦੀਆਂ ਮਸ਼ੀਨਾਂ ਹਨ ਅਤੇ ਉਨ੍ਹਾਂ ਨੂੰ ਡਬਲ ਬੈੱਡ ਅਤੇ ਮਖ਼ਮਲੀ ਗੱਦਾ ਵੀ ਦਿੱਤਾ ਗਿਆ ਹੈ।

- ਅਡਿਆਲਾ ਜੇਲ੍ਹ ਪ੍ਰਸ਼ਾਸਨ ਨੇ ਦੋਸ਼ਾਂ ਨੂੰ ਕੀਤਾ ਰੱਦ
- ਜੇਲ੍ਹ 'ਚ ਖ਼ਾਨ ਨੂੰ ਦਿੱਤੀਆਂ ਜਾ ਰਹੀਆਂ ਪੰਜ-ਤਾਰਾ ਸਹੂਲਤਾਂ-ਖ਼ਵਾਜਾ ਆਸਿਫ਼

ਇਮਰਾਨ ਖ਼ਾਨ ਦੀ ਪਾਰਟੀ ਪਾਕਿ ਸਰਕਾਰ ਵਿਰੁੱਧ ਜਾਰੀ ਕਰੇਗੀ ਵਾਈਟ ਪੇਪਰ

ਸ਼ਾਹਬਾਜ਼ ਸ਼ਰੀਫ਼ ਸਰਕਾਰ ਦੀ ਭੂਮਿਕਾ ਦਾ ਕੀਤਾ ਜਾਵੇਗਾ ਪਰਦਾਫ਼ਾਸ਼-ਅਸਦ ਕੈਸਰ



ਅੰਮ੍ਰਿਤਸਰ, 27 ਨਵੰਬਰ (ਸੁਰਿੰਦਰ ਕੋਛੜ)-ਪਾਕਿਸਤਾਨ 'ਚ ਸ਼ਾਹਬਾਜ਼ ਸ਼ਰੀਫ਼ ਸਰਕਾਰ ਦੀਆਂ ਮੁਸ਼ਕਿਲਾਂ ਵਧਾਉਣ ਲਈ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ. ਟੀ. ਆਈ.) ਨੇ ਸਰਕਾਰ ਵਿਰੁੱਧ ਇਕ ਵਾਈਟ ਪੇਪਰ ਜਾਰੀ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਪੇਪਰ 'ਚ ਸਬੂਤਾਂ ਦੇ ਨਾਲ ਹਾਲੀਆ ਉਪ-ਚੋਣਾਂ 'ਚ ਧਾਂਦਲੀ, ਭ੍ਰਿਸ਼ਟਾਚਾਰ, ਦੇਸ਼ 'ਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ, ਹਾਲੀਆ ਕਾਨੂੰਨੀ ਗ਼ਲਤੀਆਂ ਅਤੇ ਪਾਕਿ 'ਚ ਆਰਥਿਕ ਮੰਦੀ ਵਿਚ ਸ਼ਾਹਬਾਜ਼ ਸ਼ਰੀਫ਼ ਸਰਕਾਰ ਦੀ ਭੂਮਿਕਾ ਦਾ ਪਰਦਾਫਾਸ਼ ਕੀਤਾ ਜਾਵੇਗਾ। ਸੀਨੀਅਰ ਪਾਰਟੀ ਨੇਤਾ ਅਸਦ ਕੈਸਰ ਨੇ ਕਿਹਾ ਕਿ ਵਾਈਟ ਪੇਪਰ ਅਗਲੇ ਮਹੀਨੇ ਜਾਰੀ ਹੋਣ ਦੀ ਉਮੀਦ ਹੈ, ਕਿਉਂਕਿ ਵੱਖ-ਵੱਖ ਟੀਮਾਂ ਇਸ 'ਤੇ ਕੰਮ ਕਰ ਰਹੀਆਂ ਹਨ।

ਹਾਂਗਕਾਂਗ 'ਚ ਬਹੁ-ਮੰਜ਼ਿਲਾ ਇਮਾਰਤਾਂ ਨੂੰ ਲੱਗੀ ਅੱਗ ਦੇ ਮ੍ਰਿਤਕਾਂ ਦੀ ਗਿਣਤੀ 83 ਹੋਈ

ਬੀਜਿੰਗ/ਹਾਂਗਕਾਂਗ, 27 ਨਵੰਬਰ (ਪੀ. ਟੀ. ਆਈ.)-ਹਾਂਗਕਾਂਗ 'ਚ ਸੱਤ ਉਚੀਆਂ ਰਿਹਾਇਸ਼ੀ ਇਮਾਰਤਾਂ ਨੂੰ ਲੱਗੀ ਭਿਆਨਕ ਅੱਗ 'ਤੇ ਕਾਬੂ ਪਾਉਣ ਲਈ ਅੱਗ ਬੁਝਾਊ ਵਿਭਾਗ ਦੇ ਕਰਮਚਾਰੀ ਦੂਜੇ ਦਿਨ ਵੀ ਜੂਝਦੇ ਰਹੇ, ਜਿਸ ਨਾਲ ਮਰਨ ਵਾਲਿਆਂ ਦੀ ਗਿਣਤੀ 83 ਹੋ ਗਈ ਅਤੇ 280 ਤੋਂ ਵੱਧ ਲਾਪਤਾ ਹਨ। ਅਧਿਕਾਰੀਆਂ ਨੇ ਇਸ ਨੂੰ 70 ਸਾਲਾਂ 'ਚ ਸ਼ਹਿਰ ਦੀ ਸਭ ਤੋਂ ਭਿਆਨਕ ਆਫ਼ਤ ਦੱਸਿਆ ਹੈ।ਲਗਭਗ 76 ਲੋਕ ਜ਼ਖ਼ਮੀ ਹੋਏ ਹਨ, 15 ਦੀ ਹਾਲਤ ਨਾਜ਼ੁਕ ਅਤੇ 28 ਦੀ ਹਾਲਤ ਗੰਭੀਰ ਹੈ। ਮ੍ਰਿਤਕਾਂ 'ਚ ਅੱਗ ਬੁਝਾਊ ਵਿਭਾਗ ਦਾ ਇਕ ਕਰਮਚਾਰੀ ਵੀ ਸ਼ਾਮਿਲ ਹੈ। ਸੱਤ ਬਲਾਕਾਂ 'ਚੋਂ ਚਾਰ ਨੂੰ ਆਪਣੀ ਲਪੇਟ 'ਚ ਲੈਣ ਵਾਲੀ ਭਿਆਨਕ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ, ਜਦੋਂ ਕਿ ਵੀਰਵਾਰ ਸ਼ਾਮ ਨੂੰ ਬਾਕੀ 31 ਮੰਜ਼ਿਲਾ ਇਮਾਰਤਾਂ ਦੀਆਂ ਉਪਰਲੀਆਂ ਮੰਜ਼ਿਲਾਂ 'ਤੇ ਅੱਗ ਲੱਗੀ ਰਹੀ।

ਪੰਜਾਬ ਤੋਂ ਦਿੱਲੀ ਟੈਕਸੀ ਬੁੱਕ ਕਰ ਕੇ ਗਏ ਪ੍ਰਵਾਸੀ ਭਾਰਤੀ ਜੋੜੇ ਨਾਲ 12 ਲੱਖ ਦੀ ਲੁੱਟ

ਟੈਕਸੀ ਡਰਾਈਵਰ 'ਤੇ ਮਿਲੀ ਭੁਗਤ ਨਾਲ ਵਾਰਦਾਤ ਨੂੰ ਅੰਜਾਮ ਦੇਣ ਦੇ ਲੱਗੇ ਦੋਸ਼

ਫਿਲੌਰ (ਜਲੰਧਰ), 27 ਨਵੰਬਰ (ਵਿਪਨ ਗੈਰੀ)-ਸਬ ਡਵੀਜ਼ਨ ਫਿਲੌਰ ਦੇ ਪਿੰਡ ਬਿਲਗਾ ਦੇ ਪ੍ਰਵਾਸੀ ਭਾਰਤੀ ਪਤੀ ਪਤਨੀ ਵਲੋਂ ਕਥਿਤ ਤੌਰ 'ਤੇ ਟੈਕਸੀ ਡਰਾਈਵਰ 'ਤੇ ਮਿਲੀ ਭੁਗਤ ਕਰਕੇ ਕਰੀਬ 12 ਲੱਖ ਦੀ ਲੁੱਟ ਕਰਨ ਦੇ ਦੋਸ਼ ਲਗਾਏ ਹਨ। ਉਕਤ ਮਾਮਲੇ 'ਚ ਪ੍ਰਵਾਸੀ ਭਾਰਤੀ ਰਾਮ ਲੁਭਾਇਆ (65) ਨੇ ਅੱਜ ਆਸਟ੍ਰੇਲੀਆ ਤੋਂ ਫ਼ੋਨ ਰਾਹੀਂ ਸਾਰੀ ਘਟਨਾ ਬਾਰੇ ਜਾਣੂ ਕਰਵਾਇਆ ਤੇ ਦੱਸਿਆ ਕਿ 10 ਨਵੰਬਰ ਨੂੰ ਉਨ੍ਹਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਆਸਟ੍ਰੇਲੀਆ ਜਾਣਾ ਸੀ ਤਾਂ ਦਿੱਲੀ ਏਅਰਪੋਰਟ ਲਈ ਇਕ ਟੈਕਸੀ ਲੁਧਿਆਣਾ ਤੋਂ ਬੁੱਕ ਕੀਤੀ। ਜਿਸ ਦਾ ਡਰਾਈਵਰ ਸੰਜੀਵ ਘਈ ਸੀ ਤੇ ਟੈਕਸੀ ਨੰਬਰ ਪੀ.ਬੀ.01ਐਫ-1814 ਸੀ। ਜੋੜੇ ਨੇ ਦੱਸਿਆ ਕਿ ਉਹ ਦੁਪਹਿਰ 12 ਵਜੇ ਦੇ ਕਰੀਬ ਘਰੋਂ ਚੱਲੇ ਅਤੇ ਸ਼ਾਮ 5 ਵਜੇ ਦੇ ਕਰੀਬ ਡਰਾਈਵਰ ਨੇ ਬਿਨਾ ਦੱਸੇ ਉਨ੍ਹਾਂ ਨੂੰ ਕਿਸੇ ਗੁਮਨਾਮ ਢਾਬੇ ਨਜ਼ਦੀਕ ਸ਼ੰਭੂ ਬਾਰਡਰ ਵਿਖੇ ਰੋਟੀ ਖਵਾਉਣ ਲਈ ਗੱਡੀ ਰੋਕੀ। ਜਿੱਥੇ ਉਨ੍ਹਾਂ ਨੇ ਡਰਾਈਵਰ ਨੂੰ ਕਿਹਾ ਕਿ ਰੋਟੀ ਦਾ ਬਿੱਲ ਦੇਣ ਲਈ ਕਾਰ ਵਿਚ ਪਿਆ ਲੇਡੀਜ਼ ਬੈਗ ਚੁੱਕਣਾ ਹੈ ਕਿਉਂਕਿ ਉਸ ਵਿਚ ਹੋਰ ਵੀ ਜ਼ਰੂਰੀ ਕਾਗ਼ਜ਼ਾਤ ਅਤੇ ਨਕਦੀ ਹੈ ਪਰ ਡਰਾਈਵਰ ਨੇ ਕਿਹਾ ਕਿ ਉਸ ਦੀ ਗੱਡੀ ਪੂਰੀ ਤਰ੍ਹਾਂ ਲਾਕ ਹੈ, ਉਹ ਬੈਗ ਦੀ ਕੋਈ ਫ਼ਿਕਰ ਨਾ ਕਰਨ। ਇਸੇ ਦੌਰਾਨ ਉਨ੍ਹਾਂ ਦੇਖਿਆ ਕਿ ਕੁਝ ਰੁਪਏ ਉਨ੍ਹਾਂ ਕੋਲ ਹਨ ਤੇ ਉਹ ਢਾਬੇ ਅੰਦਰ ਖਾਣਾ-ਖਾਣ ਪਹੁੰਚ ਗਏ ਤੇ ਉਸ ਵੇਲੇ ਡਰਾਈਵਰ ਕਿਧਰੇ ਗ਼ਾਇਬ ਰਿਹਾ। ਜੋੜੇ ਨੇ ਦੱਸਿਆ ਰੋਟੀ ਖਾਣ ਮਗਰੋਂ ਜਦ ਉਹ ਦੁਬਾਰਾ ਕਾਰ 'ਚ ਬੈਠੇ ਤਾਂ ਡਰਾਈਵਰ ਵਲੋਂ ਕਾਰ ਦੀ ਰਫ਼ਤਾਰ ਹੌਲੀ ਰੱਖੀ ਗਈ ਅਤੇ ਥੋੜਾ ਅੱਗੇ ਜਾਣ 'ਤੇ ਇਕ ਮੋਟਰਸਾਈਕਲ ਸਵਾਰ ਨੌਜਵਾਨ ਵਲੋਂ ਕਾਰ ਡਰਾਈਵਰ ਨੂੰ ਇਸ਼ਾਰਾ ਕਰ ਕੇ ਰੋਕ ਲਿਆ। ਡਰਾਈਵਰ ਨੇ ਗੱਡੀ ਦਾ ਅਗਲਾ ਬੋਨਟ ਖ਼ੋਲ ਲਿਆ ਤੇ ਗੱਡੀ ਅੱਨਲਾਕ ਸੀ ਇਸੇ ਦੌਰਾਨ ਪਿੱਛੋਂ ਤੋਂ ਉਹੀ ਲੜਕਾ ਮੋਟਰਸਾਈਕਲ ਤੇ ਸਵਾਰ ਹੋ ਕੇ ਆਇਆ ਅਤੇ ਉਸ ਨੇ ਗੱਡੀ ਦੀ ਪਿਛਲੀ ਡਿੱਗੀ ਖ਼ੋਲ ਕੇ ਉਹੀ ਬੈਗ ਖਿਸਕਾ ਲਿਆ। ਜਿਸ ਵਿਚ ਸਾਰਾ ਸਮਾਨ ਸੀ ਅਤੇ ਕਿਸੇ ਹੋਰ ਬੈਗ ਨੂੰ ਹੱਥ ਨਹੀਂ ਪਾਇਆ ਇਹ ਸਭ ਦੇਖ ਕੇ ਪਿੱਛੇ ਬੈਠੀ ਉਨ੍ਹਾਂ ਦੀ ਪਤਨੀ ਨੇ ਦੁਹਾਈ ਵੀ ਪਾਈ ਜਦ ਤੱਕ ਉਹ ਮੋਟਰਸਾਈਕਲ ਲੈ ਕੇ ਬਹੁਤ ਦੂਰ ਜਾ ਚੁੱਕਾ ਸੀ।

ਜਾਣਕਾਰੀ ਦਿੰਦੇ ਹੋਏ ਪ੍ਰਵਾਸੀ ਭਾਰਤੀ ਰਾਮ ਲੁਭਾਇਆ ਅਤੇ ਉਨ੍ਹਾਂ ਦੀ ਪਤਨੀ। ਤਸਵੀਰ : ਗੈਰੀ ਫਿਲੌਰ

ਪੁਲਿਸ ਨੂੰ ਫ਼ੋਨ ਕਰਨ ਤੋਂ ਵੀ ਰੋਕਦਾ ਰਿਹਾ ਡਰਾਈਵਰ

ਇਸ ਘਟਨਾ ਦੇ ਵਾਪਰਦੇ ਹੀ ਜੋੜੇ ਨੇ ਦੱਸਿਆ ਕਿ ਉਹ ਘਬਰਾ ਗਏ ਪਰ ਕੁਝ ਸਮੇਂ ਮਗਰੋਂ ਜਦ ਉਨ੍ਹਾਂ ਦੀ ਸੁਰਤ ਟਿਕਾਣੇ ਆਈ ਤਾਂ ਮੋਟਰਸਾਈਕਲ ਵਾਲਾ ਨੌਜਵਾਨ ਫਿਰ ਵਾਪਸ ਮੁੜਿਆ ਅਤੇ ਉਨ੍ਹਾਂ ਦਾ ਬੈਗ ਸੁੱਟ ਕੇ ਚਲਾ ਗਿਆ। ਜਿਸ ਨੂੰ ਡਰਾਈਵਰ ਨੇ ਕੁਝ ਨਹੀਂ ਕਿਹਾ ਤੇ ਕਹਿਣ ਲੱਗਾ ਕਿ ਦੇਖ ਲਾਓ ਤੁਹਾਡੇ ਰੈੱਡ ਪਾਸਪੋਰਟ ਵਿਚ ਹਨ ਤੇ ਉਨ੍ਹਾਂ ਨੂੰ ਹੋਰ ਡਰਾਉਣ ਲੱਗਾ ਤੇ ਇੱਥੋਂ ਜਾਣ ਲਈ ਮਜਬੂਰ ਕੀਤਾ। ਜੋੜੇ ਨੇ ਦੱਸਿਆ ਕਿ ਡਰਾਈਵਰ ਵਲੋਂ ਉਨ੍ਹਾਂ ਨੂੰ ਬਹੁਤ ਡਰਾਇਆ ਅਤੇ ਉਨ੍ਹਾਂ ਦੀ ਜਾਨ ਬੱਚ ਗਈ ਵਰਗੇ ਦਿਲਾਸੇ ਦੇ ਕੇ ਰਿਸ਼ਤੇਦਾਰਾਂ ਦੇ ਘਰ ਛੱਡ ਦਿੱਤਾ ਗਿਆ ਜਦ ਕੀ ਉਨ੍ਹਾਂ ਨੂੰ ਪੂਰਾ ਸ਼ੱਕ ਹੈ ਕੀ ਇਹ ਸਾਰੀ ਘਟਨਾ ਡਰਾਈਵਰ ਨੇ ਮਿਲੀ ਭੁਗਤ ਨਾਲ ਕੀਤੀ ਹੈ ਤੇ ਉਨ੍ਹਾਂ ਨੇ ਥਾਣਾ ਸਵਰੂਪ ਨਗਰ, ਦਿੱਲੀ ਦੀ ਪੁਲਿਸ ਨੂੰ ਟੈਕਸੀ ਅਤੇ ਡਰਾਈਵਰ ਦੀ ਤਸਵੀਰ ਅਤੇ ਉਸ ਦੇ ਪਛਾਣ ਪੱਤਰ ਦੀਆਂ ਕਾਪੀਆਂ ਦੇ ਦਿੱਤੀਆਂ ਹਨ, ਪਰ ਹੱਲੇ ਤਕ ਕੋਈ ਵੀ ਕਾਰਵਾਈ ਨਹੀਂ ਹੋਈ। ਜਦਕਿ ਉਨ੍ਹਾਂ ਦਾ ਕਰੀਬ 12 ਲੱਖ ਦਾ ਨੁਕਸਾਨ ਹੋ ਚੁੱਕਾ ਹੈ ਜਿਸ ਵਿਚ ਤਿੰਨ ਜੋੜੇ ਸੋਨੇ ਦੀਆਂ ਵਾਲ਼ੀਆਂ, ਦੋ ਸੋਨੇ ਦੀਆਂ ਮੁੰਦੀਆਂ, ਦੋ ਵਿਦੇਸ਼ੀ ਗੁੱਟ-ਘੜੀਆਂ, ਇਕ ਹਜ਼ਾਰ ਪਾਊਂਡ, ਚਾਰ ਸੌ ਯੂਰੋ ਅਤੇ ਤੇਤੀ ਹਜ਼ਾਰ ਰੁਪਏ ਭਾਰਤੀ ਕਰੰਸੀ ਸੀ।

ਦਿੱਲੀ ਵਿਖੇ ਸ਼ਤਾਬਦੀ ਸਮਾਗਮਾਂ 'ਚ ਸ਼ਾਮਿਲ ਹੋਣ ਸਮੇਂ ਡਾ. ਵਿਜੇ ਸਤਬੀਰ ਸਿੰਘ ਤੇ ਹੋਰ। ਅਜੀਤ ਤਸਵੀਰ

ਡਾ. ਵਿਜੇ ਸਤਬੀਰ ਸਿੰਘ ਦਿੱਲੀ ਸ਼ਤਾਬਦੀ ਸਮਾਗਮਾਂ 'ਚ ਹੋਏ ਸ਼ਾਮਿਲ

ਬਟਾਲਾ, 27 ਨਵੰਬਰ (ਸਤਿੰਦਰ ਸਿੰਘ)-ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਦੇ ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਸਾਬਕਾ ਆਈ.ਏ.ਐੱਸ. ਨੇ ਕੇਂਦਰ ਸਰਕਾਰ, ਦਿੱਲੀ ਸਰਕਾਰ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਾਂਝੇ ਤੌਰ 'ਤੇ ਦਿੱਲੀ ਦੇ ਲਾਲ ਕਿਲ੍ਹਾ ਵਿਚ ਕਰਵਾਏ ਗਏ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਵਿਚ ਹਾਜ਼ਰੀ ਭਰੀ। ਇਸ ਮੌਕੇ ਡਾ. ਵਿਜੇ ਸਤਬੀਰ ਸਿੰਘ ਨੇ ਕਿਹਾ ਕਿ ਸਿੱਖ ਧਰਮ ਸੰਸਾਰ ਦਾ ਸਭ ਤੋਂ ਵਿਲੱਖਣ ਤੇ ਸਰਬ ਸਾਂਝਾ ਧਰਮ ਹੈ, ਜੋ ਸੰਸਾਰ ਦੇ ਲੋਕਾਂ ਨੂੰ ਆਪਸੀ ਭਾਈਚਾਰਾ, ਸਦਭਾਵਨਾ, ਸਾਂਝੀਵਾਲਤਾ ਤੇ ਮਨੁੱਖੀ ਹੱਕਾਂ ਲਈ ਅੱਗੇ ਆਉਣ ਵਰਗੇ ਗੁਣਾਂ ਰਾਹੀਂ ਇਕ ਨਿਵੇਕਲਾ ਰਾਹ ਦਿਖਾਉਂਦਾ ਹੈ। ਇਸ ਮੌਕੇ ਡਾ. ਵਿਜੇ ਸਤਬੀਰ ਸਿੰਘ ਦੇ ਨਾਲ ਜਸਵੰਤ ਸਿੰਘ ਬੌਬੀ ਦਿੱਲੀ, ਸੁਖਵਿੰਦਰ ਸਿੰਘ ਬੱਬਰ ਮੈਂਬਰ ਦਿੱਲੀ ਕਮੇਟੀ, ਹਰਮੀਤ ਸਿੰਘ ਊਬਰਾਏ ਮੈਂਬਰ ਯੂਥ ਅਕਾਲੀ ਦਲ ਦਿੱਲੀ, ਬਲਜਿੰਦਰ ਸਿੰਘ ਮੋਨੂ ਚੇਅਰਮੈਨ ਗੁਰਦੁਆਰਾ ਮਾਤਾ ਸੁੰਦਰੀ ਜੀ ਆਦਿ ਵੀ ਹਾਜ਼ਰ ਸਨ।

ਸਿਰਸਾ 'ਚ ਮਹਿਲਾ ਥਾਣੇ ਦੇ ਬਾਹਰ ਜ਼ੋਰਦਾਰ ਧਮਾਕਾ

ਹਮਲੇ ਦੀ ਜ਼ਿੰਮੇਵਾਰੀ ਖ਼ਾਲਿਸਤਾਨ ਲਿਬਰੇਸ਼ਨ ਆਰਮੀ ਨੇ ਲਈ-ਪੰਜ ਨੌਜਵਾਨ ਹਿਰਾਸਤ'ਚ ਲਏ

ਸਿਰਸਾ, 27 ਨਵੰਬਰ (ਭੁਪਿੰਦਰ ਪੰਨੀਵਾਲੀਆ)-ਸਿਰਸਾ ਦੇ ਮਹਿਲਾ ਥਾਣੇ ਦੇ ਬਾਹਰ ਬੀਤੀ ਦੇਰ ਰਾਤ ਇਕ ਜ਼ੋਰਦਾਰ ਧਮਾਕਾ ਹੋਇਆ। ਇਸ ਧਮਾਕੇ ਬਾਰੇ ਸੂਹੀਆ ਏਜੰਸੀਆਂ ਤੇ ਪੁਲਿਸ ਮੁਲਾਜ਼ਮਾਂ ਨੂੰ ਪਤਾ ਨਹੀਂ ਲੱਗਿਆ। ਮਹਿਲਾ ਥਾਣੇ ਦੇ ਬਾਹਰ ਧਮਾਕਾ ਕੀਤੇ ਜਾਣ ਦੀ ਇਕ ਵੀਡੀਓ ਵੀ ਵਾਇਰਲ ਹੋ ਰਹੀ ਹੈ। ਇਸ ਮਾਮਲੇ 'ਚ ਪੁਲਿਸ ਨੇ ਪੰਜ ਨੌਜਵਾਨਾਂ ਨੂੰ ਰਿਹਾਸਤ ਵਿਚ ਲਿਆ ਹੈ। ਇਸ ਧਮਾਕੇ ਦੀ ਜ਼ਿੰਮੇਵਾਰੀ ਖ਼ਾਲਿਸਤਾਨ ਲਿਬਰੇਸ਼ਨ ਆਰਮੀ ਵਲੋਂ ਲਈ ਗਈ ਹੈ। ਸ਼ੋਸ਼ਲ ਮੀਡੀਆ 'ਤੇ ਵਾਇਰਲ ਖ਼ਾਲਿਸਤਾਨੀ ਗੁਰੁੱਪ ਕਿੰਗ ਸ਼ੂਟਰ ਦੇ ਨਾਂਅ ਤੋਂ ਬਣੇ ਇੰਸਟਾਗਰਾਮ 'ਤੇ ਸ਼ੇਅਰ ਕੀਤਾ ਗਿਆ ਹੈ। ਹਾਲਾਂਕਿ ਇਸ ਧਮਾਕੇ ਨਾਲ ਕੋਈ ਜਾਨ-ਮਾਲ ਦਾ ਨੁਕਸਾਨ ਨਹੀਂ ਹੋਇਆ ਹੈ। ਧਮਾਕੇ ਦੀ ਜੋ ਸਮਗਰੀ ਮਿਲੀ ਹੈ, ਉਸ ਨੂੰ ਜਾਂਚ ਲਈ ਭੇਜਿਆ ਗਿਆ ਹੈ। ਪੁਲਿਸ, ਸਾਈਬਰ ਸੈੱਲ ਤੇ ਸੀਨ ਆਫ ਕਰਾਈਮ ਦੀਆਂ ਟੀਮਾਂ ਸਬੂਤ ਇਕੱਠੇ ਕਰਨ 'ਚ ਲੱਗੀਆਂ ਹੋਈਆਂ ਹਨ। ਸਿਰਸਾ ਦੇ ਐਸ.ਪੀ. ਦੀਪਕ ਸਹਾਰਨ ਨੇ ਅੱਜ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਮਾਮਲੇ 'ਚ ਕੇਸ ਦਰਜ ਕਰ ਲਿਆ ਗਿਆ ਹੈ। ਪੰਜ ਵਿਅਕਤੀਆਂ ਨੂੰ ਰਿਹਾਸਤ ਵਿੱਚ ਲਿਆ ਗਿਆ ਹੈ। ਇਸ ਮਾਮਲੇ ਦੀ ਜਾਂਚ ਲਈ ਐਸ.ਆਈ.ਟੀ. ਦਾ ਗਠਨ ਕੀਤਾ ਗਿਆ ਹੈ।

ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਸਿਰਸਾ ਦੇ ਐਸ.ਪੀ. ਦੀਪਕ ਸਹਾਰਨ। ਤਸਵੀਰ: ਪੰਨੀਵਾਲੀਆ

ਮਿਜ਼ੋਰਮ 'ਚ ਭਾਰਤ-ਮਿਆਂਮਾਰ ਸਰਹੱਦ ਦੇ ਨਾਲ ਈ. ਡੀ. ਵਲੋਂ ਪਹਿਲੀ ਵਾਰ ਕੀਤੀ ਗਈ ਛਾਪੇਮਾਰੀ ਦੌਰਾਨ ਸੁਰੱਖਿਆ ਜਵਾਨ।

ਈ.ਡੀ. ਵਲੋਂ ਭਾਰਤ-ਮਿਆਂਮਾਰ ਸਰਹੱਦ 'ਤੇ ਪਹਿਲੀ ਵਾਰ ਛਾਪੇਮਾਰੀ

ਨਸ਼ੀਲੇ ਪਦਾਰਥਾਂ ਦੇ ਮਾਮਲੇ 'ਚ ਕੀਤੀ ਗਈ ਕਾਰਵਾਈ

ਨਵੀਂ ਦਿੱਲੀ/ਆਈਜ਼ੋਲ, 27 ਨਵੰਬਰ (ਪੀ. ਟੀ. ਆਈ.)-ਇਨਫੋਰਸਮੈਂਟ ਡਾਇਰੈਕਟੋਰੇਟ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਜੁੜੇ ਹਵਾਲਾ ਰਾਸ਼ੀ ਮਾਮਲੇ ਵਿਚ ਪਹਿਲੀ ਵਾਰ ਮਿਜ਼ੋਰਮ 'ਚ ਭਾਰਤ-ਮਿਆਂਮਾਰ ਸਰਹੱਦ 'ਤੇ ਛਾਪੇਮਾਰੀ ਕੀਤੀ। ਇਸ ਤੋਂ ਇਲਾਵਾ ਅਸਾਮ ਤੇ ਗੁਜਰਾਤ ਦੇ ਕੁਝ ਸਥਾਨਾਂ 'ਤੇ ਵੀ ਛਾਪੇਮਾਰੀ ਕੀਤੀ ਗਈ। ਇਸ ਛਾਪੇਮਾਰੀ 'ਚ ਸੰਘੀ ਜਾਂਚ ਏਜੰਸੀ ਨੇ ਕੁਝ ਡਿਜੀਟਲ ਡਿਵਾਈਸਾਂ ਤੋਂ ਇਲਾਵਾ 35 ਲੱਖ ਰੁਪਏ ਦੀ ਨਕਦੀ ਵੀ ਜ਼ਬਤ ਕੀਤੀ। ਅਧਿਕਾਰੀਆਂ ਨੇ ਕ